ਇਹ ਜਾਣਕਾਰੀ ਇਹ ਦੱਸਦੀ ਹੈ ਕਿ ਤੁਹਾਡਾ ਮੂਲ-ਵਾਸੀ (ਇਨਡਿਜਨਸ) ਸੱਭਿਆਚਾਰ ਅਤੇ ਨਜ਼ਰੀਆ ਤੁਹਾਡੀ ਅਪੀਲ ਦਾ ਹਿੱਸਾ ਕਿਵੇਂ ਬਣ ਸਕਦੇ ਹਨ। ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ ਉੱਪਰ ਲਵੋ: wcat.bc.ca ਜਾਂ ਮਦਦ ਲਈ ਸਾਡੀ ਟੀਮ ਨੂੰ 604-664-7800 ਜਾਂ 1-800-663-2782 'ਤੇ ਫੋਨ ਕਰੋ।

# ਨੈਵੀਗੇਟਰ (ਸਲਾਹਕਾਰ) ਨਾਲ ਕੰਮ ਕਰਨਾ

ਜਿਨ੍ਹਾਂ ਲੋਕਾਂ ਦੀ ਮੂਲ ਵਾਸੀ (ਇਨਡਿਜਨਸ) ਵਿਰਾਸਤ ਜਾਂ ਪਿਛੋਕੜ ਹੈ, ਉਹ WCAT ਦੀ ਟੀਮ ਦੇ ਮੈਂਬਰ ਨਾਲ ਕੰਮ ਕਰਨਾ ਚੁਣ ਸਕਦੇ ਹਨ, ਜਿਸ ਨੂੰ ਨੈਵੀਗੇਟਰ ਕਿਹਾ ਜਾਂਦਾ ਹੈ।

- ਨੈਵੀਗੇਟਰਾਂ ਨੂੰ ਅਪੀਲਾਂ ਦੀ ਕਾਰਵਾਈ ਕਰਨ ਦਾ ਡੂੰਘਾ ਗਿਆਨ ਹੁੰਦਾ ਹੈ। ਉਹਨਾਂ ਨੂੰ ਸਭਿਆਚਾਰਕ ਵਖਰੇਵਿਆਂ ਦੀ ਸਮਝ ਨੂੰ ਡੂੰਘਾ ਕਰਨ ਲਈ ਮੂਲ ਵਾਸੀ ਲੋਕਾਂ ਤੋਂ ਸਿਖਲਾਈ ਵੀ ਮਿਲਦੀ ਹੈ।
- ਉਹ ਅਪੀਲ ਦੀ ਕਾਰਵਾਈ ਬਾਰੇ ਸਮਝਾ ਸਕਦੇ ਹਨ ਅਤੇ ਤੁਹਾਨੂੰ ਸਹੀ ਰਸਤੇ 'ਤੇ ਰਹਿਣ ਵਿੱਚ ਮਦਦ ਕਰਨ ਲਈ ਨਿਰਪੱਖ ਸਹਾਇਤਾ ਦੀ ਪੇਸ਼ਕਸ਼ ਕਰਦੇ ਹਨ।
- ਇਹ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਇਹ ਚੋਣ ਪਸੰਦ ਕਰਦੇ ਹੋ।

ਜ਼ਿਆਦਾ ਜਾਣਕਾਰੀ ਔਨਲਾਈਨ ਲਵੋ: WCAT.BC.CA > SELF-IDENTIFY AS INDIGENOUS > WORK WITH A NAVIGATOR TO TELL YOUR STORY

ਜੇ ਤੁਹਾਡੀ ਵਿਰਾਸਤ ਮੂਲ ਵਾਸੀ ਹੈ ਤਾਂ ਅਪੀਲ ਦੀ ਕਾਰਵਾਈ ਦੌਰਾਨ ਤੁਸੀਂ ਕਿਸੇ ਵੀ ਸਮੇਂ WCAT ਨੂੰ ਇਸ ਬਾਰੇ ਦੱਸ ਸਕਦੇ ਹੋ। ਇਸ ਵਿੱਚ ਇਨੂਇਟ, ਮੇਟੀ, ਨਾਨ-ਸਟੇਟਸ, ਸਟੇਟਸ ਅਤੇ ਫਸਟ ਨੇਸ਼ਨਜ਼ ਵੰਸ਼ ਵਾਲਾ ਕੋਈ ਵੀ ਵਿਅਕਤੀ ਸ਼ਾਮਲ ਹੈ।

**ਤੁਹਾਨੂੰ ਵੰਸ਼ ਜਾਂ ਸਟੇਟਸ ਦਾ ਸਬੂਤ ਦੇਣ ਦੀ ਲੋੜ ਨਹੀਂ ਹੈ।** ਤੁਸੀਂ WCAT ਨੂੰ ਇਸ ਬਾਰੇ ਇਸ ਤਰ੍ਹਾਂ ਦੱਸ ਸਕਦੇ ਹੋ:

- ਆਪਣੇ ਨੋਟਿਸ ਆਫ ਅਪੀਲ ਫਾਰਮ 'ਤੇ ਇਹ ਸਵਾਲ ਲੱਭੋ: ਕੀ ਤੁਸੀਂ ਇੱਕ ਮੂਲ ਵਾਸੀ (ਇਨਡਿਜਨਸ) ਵਿਅਕਤੀ ਹੋ?
- WCAT ਨੂੰ 604-664-7800 ਜਾਂ 1-800-663-2782 (ਬੀ.ਸੀ. ਵਿੱਚ ਮੁਫਤ) 'ਤੇ ਫੋਨ ਕਰੋ।

## ਅਪੀਲ ਦੀ ਕਾਰਵਾਈ ਦੌਰਾਨ ਕੀ ਹੁੰਦਾ ਹੈ?

ਭਾਵੇਂ ਤੁਸੀਂ ਨੈਵੀਗੇਟਰ ਨਾਲ ਕੰਮ ਕਰਨਾ ਚੁਣਦੇ ਹੋ ਜਾਂ ਨਹੀਂ, ਅਪੀਲ ਦੀ ਕਾਰਵਾਈ ਕਿਵੇਂ ਕੰਮ ਕਰਦੀ ਹੈ ਉਹ ਇਸ ਤਰ੍ਹਾਂ ਹੈ:

1. **ਅਪੀਲ ਸ਼ੁਰੂ ਕਰੋ।** ਜੇਕਰ ਤੁਸੀਂ ਵਰਕਸੇਫਬੀਸੀ ਦੇ ਰਿਵਿਊ ਫੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ WCAT ਕੋਲ ਅਪੀਲ ਕਰ ਸਕਦੇ ਹੋ।
2. **ਆਪਣਾ ਕੇਸ ਤਿਆਰ ਕਰੋ।** ਇੱਕ ਵਾਰ ਜਦੋਂ ਤੁਹਾਡੀ ਅਪੀਲ ਸ਼ੁਰੂ ਹੋ ਜਾਂਦੀ ਹੈ, ਤਾਂ ਤੁਸੀਂ ਆਪਣੀ ਕਹਾਣੀ ਦੱਸਣ ਵਿੱਚ ਮਦਦ ਲਈ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਸਕਦੇ ਹੋ। ਇਸ ਪੜਾਅ ਦੌਰਾਨ, WCAT ਹਰ ਉਸ ਵਿਅਕਤੀ ਨੂੰ ਹਿੱਸਾ ਲੈਣ ਲਈ ਸੱਦਾ ਦੇਵੇਗਾ ਜੋ ਅਪੀਲ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੋ ਸਕਦਾ ਹੋਵੇ।

   ਭਾਗ ਲੈਣ ਵਾਲਾ ਹਰ ਵਿਅਕਤੀ ਤੁਹਾਡੀ ਵਰਕਸੇਫਬੀਸੀ ਦੀ ਫਾਈਲ ਵਿਚਲੀ ਜਾਣਕਾਰੀ ਤੱਕ ਪਹੁੰਚ ਕਰ ਸਕੇਗਾ। ਇਸ ਜਾਣਕਾਰੀ ਵਿੱਚ ਸ਼ਾਮਲ ਹਨ:

   - ਦਸਤਾਵੇਜ਼ ਅਤੇ ਪੱਤਰ ਵਿਹਾਰ
   - ਫ਼ੋਨ 'ਤੇ ਹੋਈਆਂ ਵਾਰਤਾਲਾਪਾਂ
   - ਮੈਡੀਕਲ ਰਿਪੋਰਟਾਂ
   - ਮੈਡੀਕਲ ਰਿਕਾਰਡ

ਆਪਣੇ ਨੈਵੀਗੇਟਰ ਨਾਲ ਗੱਲ ਕਰੋ ਕਿ ਤੁਹਾਡੀ ਵਰਕਸੇਫਬੀਸੀ ਦੀ ਫਾਈਲ ਤੱਕ ਕਿਸ ਦੀ ਪਹੁੰਚ ਹੈ ਅਤੇ ਤੁਸੀਂ ਵਰਕਸੇਫਬੀਸੀ ਦੀ ਫਾਈਲ ਤੱਕ ਔਨਲਾਈਨ ਕਿਵੇਂ ਪਹੁੰਚ ਕਰ ਸਕਦੇ ਹੋ। ਉਹ ਤੁਹਾਡੇ ਲਈ ਕੋਈ ਜਗ੍ਹਾ ਲੱਭ ਸਕਦੇ ਹਨ ਜਿੱਥੇ ਤੁਸੀਂ ਕੰਪਿਊਟਰ ਤੋਂ ਕਲੇਮ ਫਾਈਲ ਤੱਕ ਪਹੁੰਚ ਕਰ ਸਕੋਂ ਜਾਂ ਤੁਹਾਨੂੰ ਇੱਕ ਕਾਗਜ਼ੀ ਕਾਪੀ ਭੇਜ ਸਕਦੇ ਹਨ।

3. **ਆਪਣੀ ਕਹਾਣੀ ਦੱਸੋ।** WCAT ਤੁਹਾਨੂੰ ਆਪਣੀ ਅਪੀਲ ਬਾਰੇ ਆਪਣੀ ਕਹਾਣੀ ਲਿਖਤੀ ਰੂਪ ਵਿੱਚ ਜਾਂ ਮੀਟਿੰਗ, ਜਿਸ ਨੂੰ ਸੁਣਵਾਈ ਕਹਿੰਦੇ ਹਨ, ਵਿੱਚ ਦੱਸਣ ਲਈ ਕਹੇਗਾ। ਤੁਹਾਡਾ ਨੈਵੀਗੇਟਰ ਇਹ ਕਰੇਗਾ:

   - ਸਮਝਾਵੇਗਾ ਕਿ ਕੀ ਹੋਵੇਗਾ
   - ਕਾਰਵਾਈ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰੇਗਾ

   ਜੇਕਰ ਤੁਸੀਂ ਸੁਣਵਾਈ ਵਿੱਚ ਹਾਜ਼ਰ ਹੋਵੋਗੇ, ਤਾਂ ਨੈਵੀਗੇਟਰ ਇਹ ਕਰ ਸਕਦੇ ਹਨ:

   - ਸੁਣਵਾਈ ਤੋਂ ਪਹਿਲਾਂ ਤੁਹਾਡੀਆਂ ਨਿੱਜੀ ਲੋੜਾਂ ਬਾਰੇ ਗੱਲ ਕਰਨ ਅਤੇ ਅੱਗੇ ਦੀ ਯੋਜਨਾ ਬਣਾਉਣ ਲਈ ਤੁਹਾਡੇ ਨਾਲ ਮੁਲਾਕਾਤ ਕਰ ਸਕਦੇ ਹਨ
   - ਸੁਣਵਾਈ ਲਈ ਇੱਕ ਢੁਕਵੀਂ ਜਗ੍ਹਾ ਲੱਭ ਸਕਦੇ ਹਨ - ਜਾਂ ਤਾਂ ਮਿਲ ਬੈਠ ਕੇ, ਫ਼ੋਨ ਜਾਂ ਕੰਪਿਊਟਰ ਦੁਆਰਾ
   - ਤੁਹਾਡੇ ਨਾਲ ਉਹਨਾਂ ਸਭਿਆਚਾਰਕ ਰਵਾਇਤਾਂ ਬਾਰੇ ਗੱਲਬਾਤ ਕਰ ਸਕਦੇ ਹਨ ਜਿਹੜੀਆਂ ਤੁਸੀਂ ਸੁਣਵਾਈ ਵਿੱਚ ਸ਼ਾਮਲ ਕਰਨੀਆਂ ਚਾਹੁੰਦੇ ਹੋ।

4. **ਅੰਤਿਮ ਫੈਸਲਾ ਪ੍ਰਾਪਤ ਕਰੋ।** WCAT ਵਿਖੇ ਇੱਕ ਵਾਈਸ ਚੇਅਰ ਜਾਂ ਪੈਨਲ ਤੁਹਾਡੀ ਕਹਾਣੀ ਦੇ ਨਾਲ ਹੀ ਹੋਰ ਸਾਰੀ ਜਾਣਕਾਰੀ ਅਤੇ ਅਪੀਲ ਦੇ ਵੇਰਵਿਆਂ ਬਾਰੇ ਵਿਚਾਰ ਕਰਦਾ ਹੈ। ਉਹ ਫੈਸਲਾ ਲੈਂਦੇ ਹਨ ਅਤੇ ਵਰਕਸੇਫਬੀਸੀ ਸਮੇਤ ਇਸ ਵਿੱਚ ਸ਼ਾਮਲ ਹਰੇਕ ਵਿਅਕਤੀ ਨੂੰ ਇੱਕ ਕਾਪੀ ਭੇਜਦੇ ਹਨ।

ਜ਼ਿਆਦਾ ਜਾਣਕਾਰੀ ਔਨਲਾਈਨ ਲਵੋ: WCAT.BC.CA > SELF-IDENTIFY AS INDIGENOUS > WHAT HAPPENS DURING THE APPEAL PROCESS

WCAT ਮੇਲ-ਮਿਲਾਪ ਦੀ ਭਾਵਨਾ ਪ੍ਰਤੀ ਵਚਨਬੱਧ ਹੈ। ਇਹ ਸਤਿਕਾਰਯੋਗ ਸੇਵਾ ਪ੍ਰਦਾਨ ਕਰਨ ਅਤੇ ਸੱਭਿਆਚਾਰ ਅਤੇ ਵਿਰਾਸਤ ਵਿੱਚ ਵਖਰੇਵਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।

ਜ਼ਿਆਦਾ ਜਾਣਕਾਰੀ ਔਨਲਾਈਨ ਲਵੋ: WCAT.BC.CA > SELF-IDENTIFY AS INDIGENOUS > WCAT'S COMMITMENT TO RECONCILIATION

WCAT ਬੀ.ਸੀ. ਦੇ ਸਾਰੇ ਭਾਈਚਾਰਿਆਂ ਨੂੰ ਸੇਵਾਵਾਂ ਦਿੰਦਾ ਹੈ। ਸਾਡਾ ਦਫ਼ਤਰ ਹੰਕ' ਅਮੀਨਮ ਬੋਲਣ ਵਾਲੇ ਮਸਕੀਅਮ ਲੋਕਾਂ ਦੇ ਰਵਾਇਤੀ, ਜੱਦੀ ਅਤੇ ਅਣ-ਸੌਂਪੇ ਇਲਾਕੇ 'ਤੇ ਸਥਿਤ ਹੈ, ਅਤੇ ਸਾਡਾ ਕੰਮ ਪੂਰੇ ਬੀ.ਸੀ. ਦੇ 204 ਫਸਟ ਨੇਸ਼ਨਜ਼ ਅਤੇ 38 ਮੇਟੀ ਚਾਰਟਰਡ ਭਾਈਚਾਰਿਆਂ ਦੇ ਰਵਾਇਤੀ ਇਲਾਕਿਆਂ ਵਿੱਚ ਫੈਲਿਆ ਹੋਇਆ ਹੈ। ਅਸੀਂ ਆਪਣੇ ਸਾਰੇ ਮੇਜ਼ਬਾਨਾਂ ਅਤੇ ਸਾਡੇ ਕੰਮ ਅਤੇ ਜਿਨ੍ਹਾਂ ਲੋਕਾਂ ਦੀ ਅਸੀਂ ਸੇਵਾ ਕਰਦੇ ਹਾਂ ਉਹਨਾਂ ਪ੍ਰਤੀ ਉਹਨਾਂ ਦੇ ਸਵਾਗਤ ਅਤੇ ਦਿਆਲਤਾ ਦਾ ਸਨਮਾਨ ਕਰਦੇ ਹਾਂ ।